*ਛੂਤ ਦੇ ਰੋਗ ਦੀ ਤੱਥਸ਼ੀਟ*

# ਕਨੇਡੂ ਜਾਂ ਕੰਨ ਪੇੜਾ

***ਕੰਨਪੇੜੇ ਇੱਕ ਲਾਗ ਵਾਲੀ ਵਾਇਰਲ ਛੂਤ ਹੈ ਜੋ ਮੁੱਖ ਤੌਰ ਉਤੇ ਸਕੂਲ ਦੀ ਉਮਰ ਦੇ ਬੱਚਿਆਂ ਨੂੰ ਹੁੰਦੀ ਹੈ। MMR ਵੈਕਸੀਨ ਦਾ ਟੀਕਾਕਰਣ ਇਸ ਰੋਗ ਤੋਂ ਬਚਾਉਂਦਾ ਹੈ। ਜਿਨ੍ਹਾਂ ਨੂੰ ਕੰਨਪੇੜੇ ਰੋਗ ਹੋਇਆ ਹੋਵੇ ਉਨ੍ਹਾਂ ਨੂੰ ਸੋਜ ਸ਼ੁਰੂ ਹੋਣ ਦੇ 9 ਦਿਨਾਂ ਮਗਰੋਂ ਤੱਕ ਹੋਰਨਾਂ ਤੋਂ ਪਰ੍ਹੇ ਹੀ ਰਹਿਣਾ ਚਾਹੀਦਾ ਹੈ।***

## ਕੰਨਪੇੜੇ ਜਾਂ ਕਨੇਡੂ ਰੋਗ ਕੀ ਹੈ?

ਕੰਨਪੇੜੇ ਜਾਂ ਕਨੇਡੂ ਇੱਕ ਛੂਤ ਦਾ ਰੋਗ ਹੈ ਜੋ mumps ਨਾਂਅ ਦੇ ਵਾਇਰਸ ਨਾਲ ਹੁੰਦਾ ਹੈ। ਪਹਿਲਾਂ, ਕੰਨਪੇੜੇ ਦੀ ਛੂਤ ਬਚਪਨ ਵਿੱਚ ਬਹੁਤ ਹੀ ਆਮ ਪਾਈ ਜਾਂਦੀ ਸੀ। ਟੀਕਾਕਰਣ ਕਰਕੇ, ਆਸਟਰੇਲੀਆ ਵਿੱਚ ਇਹ ਬਹੁਤ ਘੱਟ ਗਈ ਹੈ।

## ਇਸ ਦੇ ਲੱਛਣ ਕੀ ਹੁੰਦੇ ਹਨ?

- ਕੰਨਪੇੜੇ ਦੇ ਆਮ ਲੱਛਣ ਹੁੰਦੇ ਹਨ ਬੁਖ਼ਾਰ, ਭੁੱਖ ਨਾ ਲੱਗਣੀ, ਥਕਾਵਟ ਤੇ ਸਿਰ ਦਰਦ ਅਤੇ ਬਾਅਦ ਵਿੱਚ ਲਾਰ ਗ੍ਰੰਥੀਆਂ ਦੀ ਸੋਜ ਤੇ ਉਨ੍ਹਾਂ ਦਾ ਦੁਖਣਾ। ਇੱਕ ਜਾਂ ਦੋਵੇਂ ਕੰਨ-ਮੂਲ ਲਾਰ ਗ੍ਰੰਥੀਆਂ (ਜੋ ਗੱਲ੍ਹਾਂ ਦੇ ਅੰਦਰ, ਜਬਾੜੇ ਦੀ ਲਾਈਨ ਦੇ ਨੇੜੇ, ਕੰਨਾਂ ਦੇ ਹੇਠਾਂ ਸਥਿਤ ਹਨ) ਬਹੁਤ ਜ਼ਿਆਦਾ ਛੇਤੀ ਛੇਤੀ ਪ੍ਰਭਾਵਿਤ ਹੁੰਦੀਆਂ ਹਨ।
- ਇਸ ਛੂਤ ਤੋਂ ਗ੍ਰਸਤ ਇੱਕ-ਤਿਹਾਈ ਦੇ ਕਰੀਬ ਲੋਕਾਂ ਵਿੱਚ ਬਿਲਕੁਲ ਕੋਈ ਲੱਛਣ ਵਿਖਾਈ ਨਹੀਂ ਦਿੰਦੇ।
- ਗਭਰੇਟ ਅਵਸਥਾ ਜਾਂ ਚੜ੍ਹਦੀ ਜਵਾਨੀ ਮਗਰੋਂ ਜਦੋਂ ਇਹ ਛੂਤ ਲਗਦੀ ਹੈ ਤਾਂ ਕੰਨਪੇੜੇ ਰੋਗ ਬੇਹੱਦ ਗੰਭੀਰ ਬਿਮਾਰੀ ਦਾ ਰੂਪ ਅਖ਼ਤਿਆਰ ਕਰ ਲੈਂਦਾ ਹੈ।
- ਕੰਨਪੇੜੇ ਤੋਂ ਗੁੰਝਲਾਂ ਬਹੁਤ ਹੀ ਘੱਟ ਵੇਖਣ ਨੂੰ ਮਿਲਦੀਆਂ ਹਨ ਅਤੇ ਇਨ੍ਹਾਂ ਵਿੱਚ ਦਿਮਾਗ਼ ਦੀ ਸੋਜ (encephalitis), ਦਿਮਾਗ਼ ਅਤੇ ਰੀੜ੍ਹ ਦੀ ਹੱਡੀ ਦੀ ਲਾਈਨਿੰਗ (meningitis), ਪਤਾਲੂ (orchitis), ਔਰਤ ਦੇ ਅੰਡਕੋਸ਼ (oophoritis), ਛਾਤੀਆਂ (mastitis) ਦੀ ਸੋਜ, ਅਚਾਨਕ ਗਰਭਪਾਤ ਅਤੇ ਸੁਣਨ ਸ਼ਕਤੀ ਦਾ ਨਾਸ਼ ਸ਼ਾਮਲ ਹੋ ਸਕਦੇ ਹਨ। ਮਰਦਾਂ ਵਿੱਚ ਬੱਚੇ ਪੈਦਾ ਕਰਨ ਦੀ ਸ਼ਕਤੀ ਦਾ ਖ਼ਾਤਮਾ ਹੋ ਜਾਣਾ ਬਹੁਤ ਹੀ ਘੱਟ ਹੁੰਦਾ ਹੈ।

## ਇਹ ਕਿਵੇਂ ਫੈਲਦਾ ਹੈ?

- ਕੰਨਪੇੜੇ ਰੋਗ ਉਦੋਂ ਫੈਲਦਾ ਹੈ ਜਦੋਂ ਇੱਕ ਵਿਅਕਤੀ mumps ਵਾਇਰਸ ਵਿੱਚ ਸਾਹ ਲੈਂਦਾ ਹੈ ਜੋ ਕਿ ਕਿਸੇ ਛੂਤ ਗ੍ਰਸਤ ਵਿਅਕਤੀ ਵੱਲੋਂ ਹਵਾ 'ਚ ਖੰਘ ਜਾਂ ਛਿੱਕਾਂ ਰਾਹੀਂ ਸੁੱਟਿਆ ਗਿਆ ਹੁੰਦਾ ਹੈ। mumps ਵਾਇਰਸ ਇੱਕ ਵਿਅਕਤੀ ਤੋਂ ਦੂਜੇ ਵਿਅਕਤੀ ਤੱਕ ਛੂਤਗ੍ਰਸਤ ਲਾਰ ਦੇ ਸਿੱਧੇ ਸੰਪਰਕ ਦੁਆਰਾ ਫੈਲ ਸਕਦਾ ਹੈ।
- ਕੰਨਪੇੜੇ ਤੋਂ ਪੀੜਤ ਵਿਅਕਤੀ ਲਾਰ ਗ੍ਰੰਥੀਆਂ ਦੀ ਸੋਜ ਸ਼ੁਰੂ ਹੋਣ ਤੋਂ ਸੱਤ ਦਿਨ ਪਹਿਲਾਂ ਤੇ ਉਸ ਦੇ ਨੌਂ ਦਿਨ ਬਾਅਦ ਤੱਕ ਛੂਤਗ੍ਰਸਤ ਰਹਿ ਸਕਦਾ ਹੈ। ਸਭ ਤੋਂ ਵੱਧ ਛੂਤ ਲੱਛਣਾਂ ਦੇ ਅਰੰਭ ਹੋਣ ਤੋਂ 2 ਦਿਨ ਪਹਿਲਾਂ ਅਤੇ 4 ਦਿਨ ਮਗਰੋਂ ਤੱਕ ਦੇ ਵਿਚਕਾਰ ਹੁੰਦੀ ਹੈ।
- ਵਾਇਰਸ ਦੇ ਸੰਪਰਕ 'ਚ ਆਉਣ ਦੇ ਸਮੇਂ ਤੋਂ ਲੈ ਕੇ ਬੀਮਾਰ ਹੋਣ ਤੱਕ ਦਾ ਸਮਾਂ 12 ਤੋਂ 25 ਦਿਨਾਂ ਦਾ ਹੁੰਦਾ ਹੈ ਪਰ ਜ਼ਿਆਦਾ ਆਮ ਤੌਰ 'ਤੇ 16 ਤੋਂ 18 ਦਿਨ ਹੁੰਦਾ ਹੈ।

## ਖ਼ਤਰੇ ’ਚ ਕੌਣ ਹੈ?

ਜੋ ਵੀ ਕੋਈ ਛੂਤਗ੍ਰਸਤ mumps ਦੇ ਸੰਪਰਕ ਵਿੱਚ ਆਉਂਦਾ ਹੈ, ਉਸ ਨੂੰ ਕੰਨਪੇੜੇ ਰੋਗ ਉਦੋਂ ਤੱਕ ਹੋ ਸਕਦਾ ਹੈ ਜਦੋਂ ਤੱਕ ਕਿ ਉਹ ਪਹਿਲਾਂ ਛੂਤ ਤੋਂ ਗ੍ਰਸਤ ਨਾ ਹੋਏ ਹੋਣ ਜਾਂ ਟੀਕਾਕਰਣ ਨਾ ਕਰਵਾਇਆ ਹੋਵੇ।

## ਇਸ ਦੀ ਰੋਕਥਾਮ ਕਿਵੇਂ ਹੁੰਦੀ ਹੈ?

- ਕੰਨਪੇੜੇ ਤੋਂ ਪੀੜਤ ਲੋਕਾਂ ਨੂੰ ਸੋਜ ਸ਼ੁਰੂ ਹੋਣ ਦੇ ਨੌਂ ਦਿਨਾਂ ਮਗਰੋਂ ਤੱਕ ਲਈ ਘਰ ਵਿੱਚ ਹੀ ਆਰਾਮ ਕਰਨਾ ਚਾਹੀਦਾ ਹੈ ਤਾਂ ਜੋ ਇਹ ਵਾਇਰਸ ਦੇ ਹੋਰਨਾਂ ਤੱਕ ਫੈਲਣ ਉਤੇ ਰੋਕ ਲੱਗ ਸਕੇ।
- MMR ਵੈਕਸੀਨ ਕੰਨਪੇੜੇ, ਖਸਰਾ ਅਤੇ ਛੋਟੀ ਸੀਤਲਾ (ਇੱਕ ਕਿਸਮ ਦਾ ਖਸਰਾ ਜਾਂ rubella) ਤੋਂ ਸੁਰੱਖਿਆ ਪ੍ਰਦਾਨ ਕਰਦੀ ਹੈ ਅਤੇ ਇਹ ਮਿਆਰੀ ਟੀਕਾਕਰਣ ਅਨੁਸੂਚੀ ਦਾ ਹਿੱਸਾ ਹੈ। MMR ਵੈਕਸੀਨ 12 ਮਹੀਨਿਆਂ ਦੇ ਅਤੇ ਬਾਅਦ ’ਚ ਚਾਰ ਸਾਲਾਂ ਦੀ ਉਮਰ ਹੋਣ ’ਤੇ ਬੱਚਿਆਂ ਨੂੰ ਦਿੱਤੀ ਜਾਣੀ ਚਾਹੀਦੀ ਹੈ।
- 1965 ਤੋਂ ਬਾਅਦ ਪੈਦਾ ਹੋਣ ਵਾਲੇ ਵਿਅਕਤੀਆਂ ਨੂੰ ਇਹ ਯਕੀਨੀ ਬਣਾ ਲੈਣਾ ਚਾਹੀਦਾ ਹੈ ਕਿ ਉਨ੍ਹਾਂ ਨੇ MMR ਵੈਕਸੀਨ ਦੀਆਂ ਦੋ ਖ਼ੁਰਾਕਾਂ ਲੈ ਲਈਆਂ ਹਨ।

## ਇਸ ਦੀ ਪਛਾਣ ਕਿਵੇਂ ਹੁੰਦੀ ਹੈ?

ਡਾਕਟਰ ਆਮ ਤੌਰ ’ਤੇ ਸਿਰਫ਼ ਵਿਅਕਤੀ ਦੇ ਲੱਛਣਾਂ ਅਤੇ ਚਿੰਨ੍ਹਾਂ ਦੇ ਆਧਾਰ ’ਤੇ ਕੰਨਪੇੜੇ ਜਾਂ ਕਨੇਡੂ ਰੋਗ ਦੀ ਪਛਾਣ ਕਰਦਾ ਹੈ। ਖ਼ੂਨ ਦੇ ਟੈਸਟ ਜਾਂ ਗਲੇ ਵਿਚੋਂ ਲਿਆ ਗਿਆ ਨਮੂਨਾ, ਪਿਸ਼ਾਬ ਜਾਂ ਰੀੜ੍ਹ ਦੀ ਹੱਡੀ ਦੇ ਦ੍ਰਵ ਦੇ ਨਮੂਨੇ ਤੋਂ ਇਸ ਦੀ ਪਛਾਣ ਦੀ ਪੁਸ਼ਟੀ ਹੋ ਸਕਦੀ ਹੈ।


## ਇਸ ਦਾ ਇਲਾਜ ਕਿਵੇਂ ਹੁੰਦਾ ਹੈ?

ਕੰਨਪੇੜੇ ਦਾ ਕੋਈ ਖ਼ਾਸ ਇਲਾਜ ਨਹੀਂ ਹੈ। ਸਾਧਾਰਣ ਦਰਦ ਘਟਾਉਣ ਵਾਲੀਆਂ ਦਵਾਈਆਂ (analgesics) ਹੀ ਦਰਦ ਅਤੇ ਬੁਖ਼ਾਰ ਨੂੰ ਘਟਾ ਸਕਦੀਆਂ ਹਨ। ਸੁੱਜੀਆਂ ਹੋਈਆਂ ਗ੍ਰੰਥੀਆਂ ਉਤੇ ਗਰਮ ਜਾਂ ਠੰਢੇ ਪੈਕ ਰਾਹਤ ਪ੍ਰਦਾਨ ਕਰ ਸਕਦੇ ਹਨ।

## ਜਨ ਸਿਹਤ ਦਾ ਹੁੰਗਾਰਾ ਕੀ ਹੈ?

- ਪ੍ਰਯੋਗਸ਼ਾਲਾਵਾਂ, ਸਕੂਲ ਦੇ ਪ੍ਰਿੰਸੀਪਲਾਂ ਅਤੇ ਬਾਲ-ਸੰਭਾਲ ਕੇਂਦਰਾਂ ਦੇ ਡਾਇਰੈਕਟਰਾਂ ਨੂੰ ਜ਼ਰੂਰ ਹੀ ਕਨੇਡੂ ਜਾਂ ਕੰਨਪੇੜੇ ਰੋਗ ਦੇ ਸਾਰੇ ਮਾਮਲਿਆਂ ਦੀ ਰਿਪੋਰਟ ਕਰਨੀ ਹੋਵੇਗੀ। ਇਨ੍ਹਾਂ ਰਿਪੋਰਟਾਂ ਵਿੱਚ ਅੰਕੜੇ ਮੁਹੱਈਆ ਕੀਤੇ ਜਾਣੇ ਚਾਹੀਦੇ ਹਨ, ਜਿਨ੍ਹਾਂ ਤੋਂ ਭਾਈਚਾਰੇ ਵਿੱਚ ਕੰਨਪੇੜੇ ਰੋਗ ਹੋਣ ਦੇ ਰੁਝਾਨ ਨੂੰ ਸਮਝਣ ਵਿੱਚ ਮਦਦ ਮਿਲ ਸਕੇ।
- ਕੰਨਪੇੜੇ ਰੋਗ ਤੋਂ ਪੀੜਤ ਲੋਕਾਂ ਨੂੰ ਬਾਲ ਸੰਭਾਲ ਕੇਂਦਰਾਂ, ਸਕੂਲ ਅਤੇ ਕੰਮ ਤੋਂ ਸੋਜ ਸ਼ੁਰੂ ਹੋਣ ਮਗਰੋਂ ਨੌਂ ਦਿਨਾਂ ਲਈ ਪਰ੍ਹੇ ਹੀ ਰਹਿਣਾ ਚਾਹੀਦਾ ਹੈ।

## ਹੋਰ ਜਾਣਕਾਰੀ – NSW ਵਿੱਚ ਜਨ ਸਿਹਤ ਇਕਾਈਆਂ



**1300 066 055**

**www.health.nsw.gov.au**